Department of Education

GOVERNMENT OF WESTERN AUSTRALIA

# ਕਿਸ਼ੋਰਾਂ ਲਈ ਕੰਮ ਦੀ ਦੁਨੀਆਂ ਨਾਲ ਜੁੜਨ ਦੀ ਲੋੜ

## ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ

ਵਿਦਿਆਰਥੀਆਂ ਨੂੰ ਕੰਮ, ਤਨਖ਼ਾਹ ਸਹਿਤ ਰੁਜ਼ਗਾਰ ਅਤੇ ਕੰਮ ਵਾਲੀ ਥਾਂ ਵਿੱਚ ਕਦਰ ਕੀਤੇ ਜਾਂਦੇ ਹੁਨਰਾਂ ਬਾਰੇ ਰੁਜ਼ਗਾਰਦਾਤਿਆਂ ਤੋਂ ਸਿੱਖਣ ਦੇ ਮੌਕਿਆਂ ਦੀ ਲੋੜ ਹੁੰਦੀ ਹੈ। ਇਹ ਸਾਰੇ ਵਿਦਿਆਰਥੀਆਂ 'ਤੇ ਲਾਗੂ ਹੁੰਦਾ ਹੈ, ਭਾਵੇਂ ਉਹ ਯੂਨੀਵਰਸਿਟੀ ਵਿੱਚ ਸਿੱਧੇ ਦਾਖਲੇ ਦੀ ਮੰਗ ਕਰ ਰਹੇ ਹੋਣ, ਸਕੂਲ ਮੁਕੰਮਲ ਕਰਨ ਵੇਲੇ ਅਗਲੇਰੀ ਸਿਖਲਾਈ ਲੈਣ ਦਾ ਇਰਾਦਾ ਰੱਖਦੇ ਹੋਣ, ਜਾਂ ਸਿੱਧੇ ਨੌਕਰੀ ਕਰਨ ਲੱਗਣ ਦੀ ਯੋਜਨਾ ਬਣਾ ਰਹੇ ਹੋਣ।

ਕੰਮ ਦੀ ਦੁਨੀਆਂ ਨਾਲ ਜੁੜਨਾ ਕਿਸ਼ੋਰਾਂ ਨੂੰ ਉਹ ਜੋ ਕੁੱਝ ਸਕੂਲ ਵਿੱਚ ਸਿੱਖ ਰਹੇ ਹਨ ਉਸ ਦੀ ਸਾਰਥਕਤਾ ਨੂੰ ਸਮਝਣ, ਉਹਨਾਂ ਦੇ ਘੇਰੇ ਨੂੰ ਵਿਸ਼ਾਲ ਕਰਨ, ਉਹਨਾਂ ਦੀਆਂ ਇੱਛਾਵਾਂ ਨੂੰ ਵਧਾਉਣ, ਅਤੇ ਉਹਨਾਂ ਲਈ ਖੁੱਲ੍ਹੇ ਨੌਕਰੀਆਂ ਅਤੇ ਕਿੱਤਿਆਂ ਦੇ ਰਸਤਿਆਂ ਨੂੰ ਉਜਾਗਰ ਕਰਨ ਵਿੱਚ ਮੱਦਦ ਕਰਦਾ ਹੈ।

ਕਿਸ਼ੋਰਾਂ ਨੂੰ ਇਹ ਸਾਬਤ ਕਰਨ ਦੇ ਮੌਕੇ ਚਾਹੀਦੇ ਹਨ ਕਿ:

- ਉਹ ਭਰੋਸੇਯੋਗ ਹਨ
- ਇਹ ਦਿਖਾਉਣ ਲਈ ਕਿ ਉਹ ਕੰਮ ਕਰਨਾ ਜਾਣਦੇ ਹਨ
- ਆਤਮਵਿਸ਼ਵਾਸ ਵਧਾਉਣ ਲਈ
- ਹੁਨਰ ਵਿਕਸਤ ਕਰਨ ਲਈ।

ਕਿਸ਼ੋਰਾਂ ਲਈ ਕੰਮ ਦੀ ਦੁਨੀਆਂ ਦਾ ਅਨੁਭਵ ਕਰਨ ਦੇ ਮੌਕਿਆਂ ਵਿੱਚ ਸ਼ਾਮਲ ਹਨ:

- ਪਾਰਟ-ਟਾਈਮ ਅਤੇ ਕੈਜ਼ੂਅਲ ਨੌਕਰੀਆਂ
- ਸਕੂਲ ਪ੍ਰੋਗਰਾਮ ਦੁਆਰਾ ਕੰਮ ਵਾਲੀ ਥਾਂ ਵਿੱਚ ਸਿਖਲਾਈ ਅਤੇ ਕੰਮ ਦਾ ਤਜ਼ਰਬਾ
- ਕਿਸੇ ਹੋਰ ਕਰਮਚਾਰੀ ਨੂੰ ਕੰਮ ਕਰਦੇ ਦੇਖਣਾ
- ਵਲੰਟੀਅਰ ਬਣਨਾ
- ਕੰਮ ਵਾਲੀ ਥਾਂ 'ਤੇ ਦੌਰੇ
- ਕੰਮ ਦੇ ਟਰਾਇਲ ਅਤੇ ਇੰਟਰਨਸ਼ਿਪ
- ਖੇਡ ਕਲੱਬਾਂ
- ਕਾਰੋਬਾਰੀ ਵਜੋਂ ਉੱਦਮਤਾ ਅਤੇ 'ਕਾਰੋਬਾਰ ਸ਼ੁਰੂ ਕਰਨਾ' (ਸਟਾਰਟਅੱਪ)।

ਇਹ ਅਨੁਭਵ ਰੁਜ਼ਗਾਰ ਪ੍ਰਾਪਤ ਕਰਨ ਅਤੇ ਬਰਕਰਾਰ ਰੱਖਣ, ਅਤੇ ਕੰਮ ਵਾਲੀ ਥਾਂ 'ਤੇ ਤਰੱਕੀ ਕਰਨ ਲਈ ਲੋੜੀਂਦੇ ਗਿਆਨ ਅਤੇ ਹੁਨਰਾਂ ਦਾ ਨਿਰਮਾਣ ਕਰਨ ਵਿੱਚ ਮੱਦਦ ਕਰੇਗਾ।

### ਕੰਮ ਦੀਆਂ ਸਮਰੱਥਾਵਾਂ ਦਾ ਨਿਰਮਾਣ ਕਰਨਾ

ਕੰਮ ਦੀਆਂ ਸਮਰੱਥਾਵਾਂ ਕੰਮ ਵਾਲੀ ਥਾਂ 'ਤੇ ਸਭ ਤੋਂ ਕੀਮਤੀ, ਮਾਨਤਾ ਪ੍ਰਾਪਤ ਅਤੇ ਪ੍ਰਸ਼ੰਸਾਯੋਗ ਵਿਵਹਾਰ ਜਾਂ ਰਵੱਈਏ ਨੂੰ ਦਰਸਾਉਂਦੀਆਂ ਹਨ। ਰੁਜ਼ਗਾਰਦਾਤਾ ਕਰਮਚਾਰੀਆਂ ਨੂੰ ਕੰਮ ਕਰਨ ਦੀ ਸਮਰੱਥਾ ਰੱਖਣ ਅਤੇ ਦਿਖਾਉਣ ਦੇ ਯੋਗ ਹੋਣ ਦੀ ਲੋੜ 'ਤੇ ਜ਼ੋਰ ਦੇ ਰਹੇ ਹਨ।

D23/0256974
February 2023

CC BY
Exclusions may apply

ਰਾਸ਼ਟਰੀ ਹੁਨਰ ਕਮਿਸ਼ਨ (National Skills Commission) ਦੁਆਰਾ ਪਛਾਣੇ ਗਏ ਜ਼ਰੂਰੀ ਰੁਜ਼ਗਾਰ ਯੋਗਤਾ ਦੇ ਹੁਨਰਾਂ ਵਿੱਚ ਸ਼ਾਮਲ ਹਨ:

- ਅੰਤਰ-ਵਿਅਕਤੀਗਤ ਅਤੇ ਲੋਕਾਂ ਨਾਲ ਨਜਿੱਠਣ ਦਾ ਹੁਨਰ
- ਸੰਗਠਨਾਤਮਕ ਅਤੇ ਯੋਜਨਾਬੰਦੀ ਹੁਨਰ
- ਭਰੋਸੇਯੋਗਤਾ ਅਤੇ ਪ੍ਰੇਰਣਾ
- ਆਲੋਚਨਾਤਮਕ ਸੋਚ ਅਤੇ ਸਮੱਸਿਆ ਦਾ ਹੱਲ
- ਸੰਚਾਰ ਅਤੇ ਟੀਮ ਵਰਕ ਦੇ ਹੁਨਰ
- ਢਲਣਯੋਗਤਾ ਅਤੇ ਲਚਕਤਾ
- ਡਿਜ਼ੀਟਲ ਸਾਖਰਤਾ